ਕਿਰਕਵੁੱਡ ਹੌਸਪਿਸ (Kirkwood Hospice)

ਮਰੀਜ਼ਾਂ ਅਤੇ ਸੰਭਾਲਕਾਰਾਂ ਲਈ ਜਾਣਕਾਰੀ

ਕਿਰਕਵੁੱਡ ਹੌਸਪਿਸ (Kirkwood Hospice) ਕਿਰਕਲੀਜ਼ ਵਿੱਚ ਜਿੰਦਗੀ ਲਈ ਘਾਤਕ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਵਿਸ਼ੇਸ਼ੱਗ ਦੇਖ-ਭਾਲ ਪ੍ਰਦਾਨ ਕਰਦੀ ਹੈ। ਇਨ੍ਹਾਂ ਬਿਮਾਰੀਆਂ ਦੀਆਂ ਉਦਾਹਰਨਾਂ ਇਹ ਹਨ ਕੈਂਸਰ, ਬਹੁਤ ਵੱਧੀ ਹੋਈ ਦਿਲ, ਫੇਫੜਿਆਂ ਜਾਂ ਗੁਰਦੇ ਦੀ ਬਿਮਾਰੀ ਜਾਂ ਮੋਟਰ ਨਿਉਰੋਨ ਬਿਮਾਰੀ (Motor Neurone Disease)। ਅਸੀਂ ਵਿਅਕਤੀਗਤ ਲੋੜਾਂ ਅਤੇ ਇਛਾਵਾਂ ਦਾ ਸਤਿਕਾਰ ਕਰਦੇ ਹਾਂ, ਉਸ ਨੂੰ ਵੱਧ ਤੋਂ ਵੱਧ ਸੰਭਵ ਚੰਗੇਰੀ ਗੁਣਵਤਾ ਵਾਲਾ ਜੀਵਨ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸੰਪੂਰਨ ਵਿਅਕਤੀ ਦੀ ਦੇਖ-ਭਾਲ ਕਰਦੇ ਹਾਂ। ਬਿਮਾਰੀ ਦੌਰਾਨ ਅਤੇ ਸੋਗ ਵਿੱਚ ਪਰਿਵਾਰਾਂ, ਦੋਸਤਾਂ ਅਤੇ ਸੰਤਾਲਕਾਰਾਂ ਨੂੰ ਵਧੇਰੇ ਸਹਾਰਾ ਅਤੇ ਮਦਦ ਦਿੱਤੀ ਜਾਂਦੀ ਹੈ।

ਕਿਸ ਤਰ੍ਹਾਂ ਭੇਜੇ ਜਾ ਸਕਦੇ ਹੋ।

ਤੁਹਾਡੀ ਆਪਣੀ ਵਰਤਮਾਨ ਦੇਖ-ਭਾਲ ਕਰਨ ਵਾਲੀ ਟੀਮ, ਜਿਸ ਵਿੱਚ ਆਮ ਤੌਰ ਤੇ ਤੁਹਾਡਾ ਆਪਣਾ ਡਾਕਟਰ (ਜੀ.ਪੀ) ਡਿਸਟਰਿਕਟ ਨਰਸ ਜਾਂ ਹਸਪਤਾਲ ਦਾ ਕਨਸੱਲਟੈਂਟ ਸ਼ਾਮਲ ਹੁੰਦਾ ਹੈ, ਨਾਲ ਤੁਹਾਡੀਆਂ ਸਿਹਤ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਹਮੇਸ਼ਾਂ ਹੀ ਚੰਗਾ ਹੁੰਦਾ ਹੈ। ਤੁਹਾਨੂੰ ਉਨ੍ਹਾਂ ਨੂੰ ਪੁੱਛਣਾ ਚਾਹੀਦਾ ਹੈ ਜੇ ਤੁਹਾਨੂੰ ਹੌਸਪਿਸ ਭੇਜਣਾ ਉਚਿੱਤ ਹੈ ਜਾਂ ਨਹੀਂ। ਉਹ ਸਾਡੇ ਨਾਲ ਸੰਪਰਕ ਕਰਨਗੇ ਅਤੇ ਸਾਨੂੰ ਉਹ ਵੇਰਵਾ ਦੇ ਸਕਣਗੇ ਜਿਸ ਨਾਲ ਅਸੀਂ ਫੈਸਲਾ ਕਰ ਸਕਾਂਗੇ ਕਿ ਅਸੀਂ ਤੁਹਾਡੀ ਕੋਈ ਮਦਦ ਕਰ ਸਕਦੇ ਹਾਂ ਜਾਂ ਨਹੀਂ। ਬਾਕੀ ਸੱਭ ਸਿਹਤ ਸਮੱਸਿਆਵਾਂ ਦੀ ਤਰ੍ਹਾਂ ਸਾਡੇ ਵੀ ਮਾਪਦੰਢ ਹਨ ਜਿਨ੍ਹਾਂ ਅਨੁਸਾਰ ਅਸੀਂ ਸਾਡੇ ਕੋਲ ਭੇਜੇ ਵਿਅਕਤੀਆਂ ਦਾ ਨਿਰਧਾਰਨ ਕਰਦੇ ਹਾਂ।

ਜੇ ਤੁਸੀਂ ਚਾਹੋਂ ਤਾਂ ਤੁਸੀਂ ਸਾਡੇ ਕੋਲ ਭੇਜੇ ਜਾਣ ਬਾਰੇ ਪੁੱਛਣ ਲਈ ਖੁੱਦ ਸਾਡੇ ਨਾਲ ਸੰਪਰਕ ਕਰ ਸਕਦੇ ਹੋ ਪਰੰਤੂ ਤੁਹਾਡੀ ਦੇਖ-ਭਾਲ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਾਨੂੰ ਹਮੇਸ਼ਾਂ ਹੀ ਤੁਹਾਡੀ ਦੇਖ-ਭਾਲ ਕਰ ਰਹੀ ਟੀਮ ਨਾਲ ਗੱਲ ਕਰਨ ਦੀ ਲੋੜ ਹੁੰਦੀ ਹੈ।

ਉਪਲਬੱਧ ਸੇਵਾਵਾਂ

ਸਾਂਤਕਾਰੀ ਦੇਖ-ਭਾਲ ਟੀਮ (Palliative Care Team)

ਇਹ ਤਜ਼ਰਬੇਕਾਰ ਵਿਸ਼ੇਸ਼ ਤੌਰ ਤੇ ਸਾਂਤਕਾਰੀ ਚਿਕਿਤਸਾ ਦੀ ਸਿੱਖਲਾਈ ਪ੍ਰਾਪਤ ਨਰਸਾਂ ਅਤੇ ਕਨਸਲਟੈਂਟਾਂ ਦੀ ਟੀਮ ਦਰਦ ਅਤੇ ਹੋਰ ਬਿਮਾਰੀ ਦੇ ਲੱਛਣ ਕਾਬੂ ਰੱਖਣ ਦੇ ਸੱਭ ਪੱਖਾਂ ਬਾਰੇ ਵਿਸ਼ੇਸ਼ੱਗ ਸਲਾਹ ਦਿੰਦੇ ਹਨ ਅਤੇ ਭਾਵੁਕ ਆਸਰਾ ਮੁਹੱਈਆ ਕਰਦੇ ਹਨ। ਉਹ ਤੁਹਾਡੀਆਂ ਲੋੜਾਂ ਦਾ ਨਿਰਧਾਰਨ ਕਰ ਸਕਦੇ ਹਨ, ਭੱਤਿਆਂ ਅਤੇ ਹੋਰ ਸਮਾਜਿਕ ਮਸਲਿਆਂ ਬਾਰੇ ਸਲਾਹ ਦੇ ਸਕਦੇ ਹਨ ਜਾਂ ਜੇ ਲੋੜ ਹੋਵੇ ਤਾਂ ਤੁਹਾਨੂੰ ਫੀਜ਼ੀਓਥੈਰਾਪਿਸਟ, ਵਿਵਸਾਇਕ ਚਿਕਿਤਸਕ ਜਾਂ ਸਮਾਜ ਸੇਵਕ ਕੋਲ ਭੇਜ ਸਕਦੇ ਹਨ। ਉਹ ਤੁਹਾਡੇ ਪਰਿਵਾਰ ਅਤੇ ਸੰਭਾਲਕਾਰਾਂ ਲਈ ਆਸਰਾ ਵੀ ਪ੍ਰਦਾਨ ਕਰਦੇ ਹਨ, ਅਤੇ ਤੁਹਾਡੇ ਰੋਗ ਦੀ ਪਛਾਣ ਅਤੇ ਉਪਲਬੱਧ ਇਲਾਜ਼ ਬਾਰੇ ਜਾਣਕਾਰੀ ਮੁਹੱਈਆ ਕਰਦੇ ਹਨ।

ਦਾਖਲ-ਮਰੀਜ਼ ਦੇਖ-ਭਾਲ (In-patient care)

ਜੇ ਤੁਹਾਨੂੰ ਆਪਣੇ ਘਰ ਵਿੱਚ ਆਪਣੇ ਰੋਗ ਦੇ ਲੱਛਣਾਂ ਨਾਲ ਨਜਿੱਠਣ ਵਿੱਚ ਮੁਸ਼ਕਲ ਆ ਰਹੀ ਹੈ ਜਾਂ ਤੁਹਾਨੂੰ ਆਪਣੇ ਜਾਂ ਆਪਣੇ ਪਰਿਵਾਰ ਲਈ ਭਾਵੁਕ, ਸਮਾਜਿਕ ਜਾਂ ਆਤਮਿਕ ਆਸਰਾ ਚਾਹੀਦਾ ਹੈ, ਤਾਂ ਤੁਹਾਨੂੰ ਕੁੱਝ ਸਮੇਂ ਲਈ ਦਾਖਲ-ਮਰੀਜ਼ ਵੱਜੋਂ ਦੇਖ-ਭਾਲ ਪੇਸ਼ ਕੀਤੀ ਜਾ ਸਕਦੀ ਹੈ। ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਹੌਸਪਿਸ ਦੇ ਸੰਪੂਰਨ ਪ੍ਰਕਾਰ ਦੇ ਵਿਭਾਗੀ ਕਰਮਚਾਰੀ ਉਪਲਬੱਧ ਹਨ। ਕਈ ਲੋਕਾਂ ਨੂੰ ਹੌਸਪਿਸ ਤੋਂ ਛੁੱਟੀ ਦੇ ਕੇ ਘਰ ਜਾਂ ਦੇਖ-ਭਾਲ ਘਰ ਵਿੱਚ ਭੇਜਿਆ ਜਾਂਦਾ ਹੈ, ਪਰੰਤੂ ਕਈਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਅੰਤ ਤੱਕ ਆਸਰੇ ਦੀ ਲੋੜ ਹੁੰਦੀ ਹੈ, ਜੋ ਪ੍ਰਦਾਨ ਕਰਨ ਲਈ ਹੌਸਪਿਸ ਟੀਮ ਮਾਣ ਅਨੁਭਵ ਕਰਦੀ ਹੈ।

ਇਲਾਜ਼ (Therapies)

ਸਹਾਇਕ ਇਲਾਜ਼: ਖੁਸ਼ਬੂਦਾਰ ਤੇਲਾਂ ਨਾਲ ਮਾਲਿਸ਼ (aromatherapy), ਮਾਲਿਸ਼ ਅਤੇ ਰੇਕੀ (reiki) ਵਰਤਮਾਨ ਸਮੇਂ ਦਰਦ ਘਟਾਉਣ, ਅਰਾਮ ਦੇਣ, ਬੇਚੈਨੀ ਦੂਰ ਕਰਨ ਅਤੇ ਹੋਰ ਰੋਗ ਦੇ ਲੱਛਣਾਂ ਪ੍ਰਤੀ ਮਦਦ ਕਰਨ ਲਈ ਉਪਲਬੱਧ ਹਨ।

ਫੀਜ਼ੀਓਥੈਰਾਪੀ (Physiotherapy) ਅਤੇ ਵਿਵਸਾਇਕ ਚਿਕਿਤਸਾ (Occupational Therapy): ਵਿਸ਼ੇਸ਼ੱਗ ਚਿਕਿਤਸਕ, ਦਰਦ, ਸਾਹ ਚੜ੍ਹਨਾ, ਥਕਾਵਟ ਤੋਂ ਮਾਨਸਿਕ ਦਬਾ ਅਤੇ ਬੇਚੈਨੀ ਵਰਗੇ ਰੋਗ ਦੇ ਲੱਛਣਾਂ ਨਾਲ ਤੁਹਾਡੀ ਨਜਿੱਠਣ ਵਿੱਚ ਮਦਦ ਕਰਨ ਲਈ ਭੌਤਿਕ ਢੰਗ ਜਿਸ ਤਰ੍ਹਾਂ ਕਿ ਗਤੀ ਅਤੇ ਬਿਜਲੀ ਚਿਕਿਤਸਾ (electrotherapy)

ਵਰਤ ਸਕਦੇ ਹਨ। ਉਨ੍ਹਾਂ ਦਾ ਟੀਚਾ ਹੈ ਕਿ ਜਿਨ੍ਹਾਂ ਵੀ ਤੁਹਾਡੀ ਬਿਮਾਰੀ ਅਨੁਸਾਰ ਸੰਭਵ ਹੋਵੇ, ਤੁਹਾਨੂੰ ਵੱਧ ਤੋਂ ਵੱਧ ਸੁਤੰਤਰ ਰਹਿਣ ਵਿੱਚ ਤੁਹਾਡੀ ਮਦਦ ਕੀਤੀ ਜਾਵੇ। ਚਿਕਿਤਸਕ ਜੋ ਕੁੱਝ ਪਰਿਵਾਰ ਦੇ ਜੀਅ ਅਤੇ ਸੰਭਾਲਕਾਰ ਤੁਹਾਨੂੰ ਵੱਧ ਤੋਂ ਵੱਧ ਆਸਾਨੀ ਨਾਲ ਅਗਾਂਹ ਪਿਛਾਂਹ ਹੋਣ ਲਈ, ਘਰ ਵਿੱਚ ਡਿੱਗਣ ਤੋਂ ਰੋਕਣ ਲਈ ਅਤੇ ਤੁਹਾਡੇ ਅਤੇ ਤੁਹਾਡੇ ਸੰਭਾਲਕਾਰਾਂ ਲਈ ਸੁਰੱਖਿਆ ਅਤੇ ਆਰਾਮ ਕਾਇਮ ਰੱਖਣ ਪ੍ਰਤੀ ਕਰ ਸਕਦੇ ਹਨ ਉਸ ਬਾਰੇ ਵੀ ਸਲਾਹ ਦੇ ਸਕਦੇ ਹਨ।

ਕਲਾ ਅਤੇ ਰਚਨਾਤਮਕ ਲਿੱਖਾਈ: ਤੁਹਾਨੂੰ ਰਚਨਾਤਮਕ ਸਰਗਰਮੀਆਂ ਵਰਤ ਕੇ ਆਪਣੀ ਬਿਮਾਰੀ ਨਾਲ ਨਜਿੱਠਣ ਵਿੱਚ ਮਦਦ ਕਰਨ ਲਈ ਕਲਾਕਾਰ ਅਤੇ ਲਿੱਖਾਰੀ ਤੁਹਾਡੇ ਅਤੇ ਤੁਹਾਡੇ ਪਰਿਵਾਰ ਨਾਲ ਕੰਮ ਕਰ ਸਕਦੇ ਹਨ।

## ਆਤਮਿਕ ਦੇਖ-ਭਾਲ (Spiritual Care)

ਹਰ ਵਿਅਕਤੀ ਧਾਰਮਿਕ ਨਹੀਂ ਹੈ, ਪਰੰਤੂ ਹਰ ਵਿਅਕਵੀ ਦੀਆਂ ਆਤਮਿਕ ਲੋੜਾਂ ਹੁੰਦੀਆਂ ਹਨ (ਆਸਾਂ, ਡਰ, ਮਤਲਬ ਦੀ ਤਲਾਸ਼)। ਆਤਮਿਕ ਦੇਖ-ਭਾਲ ਟੀਮ ਤੁਹਾਨੂੰ, ਤੁਹਾਡੇ ਰਿਸ਼ਤੇਦਾਰਾਂ ਅਤੇ ਦੋਸਤਾਂ, ਕਰਮਚਾਰੀਆਂ ਅਤੇ ਸਵੈਇੱਛਕਾਂ, ਜਿਨ੍ਹਾਂ ਦਾ ਕੋਈ ਵੀ ਧਰਮ ਹੋਵੇ ਜਾਂ ਕੋਈ ਵੀ ਨਾ ਹੋਵੇ, ਲਈ ਆਸਰਾ ਪ੍ਰਦਾਨ ਕਰਦੀ ਹੈ। ਉਹ ਤੁਹਾਨੂੰ ਸੁਣਦੇ ਹਨ, ਸਮਾਂ, ਦੋਸਤੀ, ਗੁਪਤਤਾ ਅਤੇ ਜੇ ਮੰਗ ਕੀਤੀ ਜਾਵੇ ਤਾਂ ਪ੍ਰਾਥਨਾ ਪੇਸ਼ ਕਰਦੇ ਹਨ। ਉਹ ਬਾਪਟਿਸਜ਼, ਵਿਆਹ ਜਾਂ ਅੰਤਿਮ ਸੰਸਕਾਰਾਂ ਦਾ ਪ੍ਰਬੰਧ ਕਰਨ ਬਾਰੇ ਵਿਚਾਰ ਵਟਾਂਦਰਾ ਵੀ ਕਰ ਸਕਦੇ ਹਨ। ਇਹ ਟੀਮ ਦਾਖਲ-ਮਰੀਜ਼ਾਂ ਅਤੇ ਆਸਰਾ ਅਤੇ ਚਿਕਿਤਸਾ ਕੇਂਦਰ (Support & Therapy Centre) ਵਿੱਚ ਆਉਣ ਵਾਲਿਆਂ ਨੂੰ ਸਹਾਰਾ ਦਿੰਦੀ ਹੈ। ਟੀਮ ਤੁਹਾਡੇ ਆਪਣੇ ਧਰਮ ਦੇ ਆਗੂਆਂ ਨੂੰ ਇਥੇ ਦੌਰਾ ਕਰਨ ਦੀ ਸਹੂਲਤ ਬਹੁਤ ਖੁਸ਼ੀ ਨਾਲ ਪ੍ਰਦਾਨ ਕਰੇਗੀ।

## ਸਮਾਜ ਸੇਵਕ (Social Workers)

ਇਹ ਟੀਮ ਦਾਖਲ-ਮਰੀਜ਼ਾਂ ਅਤੇ ਆਸਰਾ ਅਤੇ ਚਿਕਿਤਸਾ ਕੇਂਦਰ ਵਿੱਚ ਆਉਣ ਵਾਲਿਆਂ ਮਰੀਜ਼ਾਂ, ਰਿਸ਼ਤੇਦਾਰਾਂ, ਦੋਸਤਾਂ ਅਤੇ ਮਰੀਜ਼ਾਂ ਦੇ ਸੰਭਾਲਕਾਰਾਂ ਨੂੰ ਵਿਸ਼ੇਸ਼ੱਗ ਸਮਾਜਿਕ ਕੰਮ ਦੀ ਸੇਵਾ ਮੁਹੱਈਆ ਕਰਦੀ ਹੈ। ਉਹ ਹੌਸਪਿਸ ਦੇ ਦੂਜੇ ਕਰਮਚਾਰੀਆਂ ਨਾਲ ਮਿਲਕੇ ਕੰਮ ਕਰਦੇ ਹਨ ਅਤੇ ਤੁਹਾਡੀ ਤਰਫੋਂ ਦੂਜੇ ਭਾਈਚਾਰੇ ਵਿੱਚ ਸਥਾਪਿਤ ਪੇਸ਼ਾਵਰਾਂ, ਜਿਸ ਤਰ੍ਹਾਂ ਕਿ ਡਿਸਟਰਿਕਟ ਨਰਸਾਂ, ਹੋਮ ਕੇਅਰ ਟੀਮਾਂ, ਸਥਾਨਿਕ ਅਥੌਰੀਟੀ ਦੇ ਸੋਸ਼ਲ ਵਰਕਰਾਂ, ਚੈਰੀਟੀਆਂ, ਭਲਾਈ ਸੰਸਥਾਵਾਂ, ਬੈਨੀਫਿੱਟਸ ਅਤੇ ਪੈਨਸ਼ਨ ਏਜੰਸੀਆਂ, ਹੋਮ ਕੇਅਰ ਏਜੰਸੀਆਂ ਅਤੇ ਰਿਹਾਇਸ਼ੀ ਸੰਸਥਾਵਾਂ ਨਾਲ ਤਾਲ-ਮੇਲ ਕਰ ਸਕਦੇ ਹਨ।

## ਆਸਰਾ ਅਤੇ ਚਿਕਿਤਸਾ ਕੇਂਦਰ (Support and Therapy Centre)

ਕੇਂਦਰ ਦੀ ਬਹੁ-ਪੇਸ਼ਾਵਰ ਟੀਮ ਦੋਸਤਾਨਾ ਅਤੇ ਅਰਾਮਦੇਹ ਮਹੌਲ ਵਿੱਚ ਇਲਾਜ਼ ਕਰਦੀ ਹੈ। ਕੇਂਦਰ ਮੰਗਲਵਾਰ, ਬੁੱਧਵਾਰ ਅਵੇ ਵੀਰਵਾਰ ਖੁੱਲਦਾ ਹੈ ਤਾਂ ਕਿ ਮਰੀਜ਼ ਦਿਨ ਲਈ ਆ ਸਕਣ। ਦਿਨੇ ਆਉਣ ਵਾਲੇ ਹੌਸਪਿਸ ਦੀਆਂ ਸੰਪੂਰਨ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ।

ਕੇਂਦਰ ਕਿਰਕਵੁੱਡ ਹੌਸਪਿਸ ਦੇ ਨਾਲ ਹੀ ਲੱਗਾ ਹੋਇਆ ਹੈ ਪਰੰਤੂ ਇਸ ਦਾ ਆਪਣਾ ਅੰਦਰ ਜਾਣ ਲਈ ਅਲੱਗ ਦਰਵਾਜ਼ਾ ਹੈ ਅਤੇ ਇਹ ਸਵੈ-ਭਰਪੂਰ ਹੈ। ਜੇ ਤੁਸੀਂ ਕੇਂਦਰ ਵਿੱਚ ਆਉਣ ਲਈ ਆਪਣਾ ਇੰਤਜ਼ਾਮ ਨਾ ਕਰ ਸਕੋਂ ਤਾਂ ਅਸੀਂ ਸਵੈ-ਇੱਛਕ ਡਰਾਈਵਰ ਨੂੰ ਤੁਹਾਨੂੰ ਘਰੋਂ ਲਿਅਉਣ ਅਤੇ ਵਾਪਸ ਲਿਜਾਣ ਦਾ ਪ੍ਰਬੰਧ ਕਰ ਸਕਦੇ ਹਾਂ।

## ਡਰੌਪ-ਇੰਨ ਡੇ (Drop-in Day)

ਜੀਵਨ ਲਈ ਘਾਤਕ ਬਿਮਾਰੀਆਂ ਨਾਲ ਪੀੜਤਾਂ ਜਾਂ ਇਨ੍ਹਾਂ ਬਿਮਾਰੀਆਂ ਦੇ ਇਲਾਜ਼ਾਂ ਨਾਲ ਪ੍ਰਭਾਵਿੱਤ ਹੋਇਆਂ ਦੀ ਮਦਦ ਕਰਨ ਲਈ ਇਹ ਸੇਵਾ ਬਣਾਈ ਗਈ ਹੈ। ਸੰਭਾਲਕਾਰ ਵੀ ਖੁਸ਼ੀ ਨਾਲ ਇਹ ਡਰੌਪ-ਇੰਨ ਸੇਵਾ ਵਰਤ ਸਕਦੇ ਹਨ। ਤੁਹਾਡੀਆਂ ਲੋੜਾਂ ਬਾਰੇ ਵਿਚਾਰ ਵਟਾਂਦਰਾ ਕਰਨ, ਉਚਿੱਤ ਇਲਾਜ਼ ਅਤੇ ਸਲਾਹ ਪੇਸ਼ ਕਰਨ ਜਾਂ ਤੁਹਡੀ ਗੱਲ ਬਾਤ ਸੁਣਨ ਲਈ ਵਿਸ਼ੇਸ਼ੱਗ ਨਰਸ ਤੁਹਾਨੂੰ ਮਿਲੇਗੀ। ਤੁਹਾਨੂੰ ਉਸ ਨੂੰ ਮਿਲਣ ਲਈ ਅਪੋਇੰਟਮੈਂਟ ਬਣਾਉਣ ਦੀ ਲੋੜ ਨਹੀਂ। ਡਰੌਪ-ਇੰਨ ਡੇ (Drop-in day) ਆਸਰਾ ਅਤੇ ਚਿਕਿਤਸਾ ਕੇਂਦਰ (Support & Therapy centre) ਵਿੱਚ ਸ਼ੁਕਰਵਾਰ ਨੂੰ, ਸਵੇਰੇ10-ਦੁਪਹਿਰ3:30 ਵਜੇ ਤੱਕ ਹੁੰਦਾ ਹੈ ਅਤੇ (Drop-in day) ਅਗੱਸਤ 2009 ਤੋਂ ਇੱਕ ਛੱਡ ਕੇ ਹਰ ਦੂਜੇ ਸੋਮਵਾਰ ਨੂੰ, ਦੁਪਹਿਰ2 – ਸ਼ਾਮੀ7.30 ਤੱਕ (ਬੈਂਕ ਹੌਲੀਡੇਜ਼ ਤੋਂ ਇਲਾਵਾ) ਰੱਖਿਆ ਜਾਂਦਾ ਹੈ। ਤਾਰੀਖ਼ਾਂ ਦੀ ਤਸੱਲੀ ਕਰਨ ਲਈ ਸਾਡੇ ਵੈਬਸਾਈਟ ਤੇ ਆਓ ਜਾਂ ਸਾਡੇ ਨਾਲ 01484 557900 ਤੇ ਸੰਪਰਕ ਕਰੋ।

ਇਸੇ ਤਰ੍ਹਾਂ ਦੀ ਸੇਵਾ ਉਤਰ ਕਿਰਕਲੀਜ਼ ਦੇ ਵਸਨੀਕਾਂ ਲਈ ਡਿਊਜ਼ਬਰੀ ਡਿਸਟਰਿਕਟ ਹਸਪਾਤਾਲ (Dewsbury District Hospital) ਵਿੱਖੇ ਰੋਜ਼ਵੁੱਡ ਸਾਂਤਕਾਰੀ ਦੇਖ-ਭਾਲ ਕੇਂਦਰ (Rosewood Palliative Care

Centre) ਵਿੱਚ ਉਲਬੱਧ ਹੈ। ਤੁਹਾਡੀ ਮਦਦ ਕਰਨ ਲਈ ਰੋਜ਼ਵੁੱਡ (Rosewood) ਵਿੱਖੇ ਉਪਲਬੱਧ ਸੇਵਾਵਾਂ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ 01924 512039 ਤੇ ਸੰਪਰਕ ਕਰੋ।

ਸਲਾਹ ਮਸਵਰਾ ਅਤੇ ਸੋਗ ਸਮੇਂ ਆਸਰਾ (Counselling and Bereavement Support)

ਸਲਾਹ ਮਸ਼ਵਰਾ ਅਤੇ ਹੋਰ ਸਰਗਰਮੀਆਂ ਵਰਤਕੇ, ਪਰਿਵਾਰ ਦੇਖ-ਭਾਲ ਟੀਮ (Family Care Team) ਭਾਵੁਕ ਅਤੇ ਮਨੋਵਿਗਿਆਨਕ ਆਸਰਾ ਪ੍ਰਦਾਨ ਕਰਦੀ ਹੈ। ਤੁਹਾਡੇ ਹੌਸਪਿਸ ਵਿੱਚ ਰਹਿਣ ਦੌਰਾਨ ਅਤੇ, ਜੇ ਲੋੜ ਹੋਵੇ ਤਾਂ ਤੁਹਾਨੂੰ ਇਥੋਂ ਛੁੱਟੀ ਮਿਲਣ ਤੋਂ ਬਾਦ ਵੀ, ਤੁਹਾਨੂੰ, ਤੁਹਾਡੇ ਪਰਿਵਾਰ ਅਤੇ ਨਜ਼ਦੀਕੀ ਦੋਸਤਾਂ ਨੂੰ ਆਸਰਾ ਦਿੱਤਾ ਜਾ ਸਕਦਾ ਹੈ। ਬੱਚਿਆਂ ਨੂੰ ਵੀ ਟੀਮ ਆਸਰਾ ਦਿੰਦੀ ਹੈ। ਟੀਮ ਤੁਹਾਡੀ ਬਿਮਾਰੀ ਦੌਰਾਨ ਜਾਂ ਸੋਗ ਸਮੇਂ ਤੁਹਾਡੇ ਪਰਿਵਾਰ ਨੂੰ ਆਸਰਾ ਦੇ ਸਕਦੀ ਹੈ। ਜਿਨ੍ਹਾਂ ਦਾ ਕੋਈ ਜਿਸ ਤੋਂ ਸਾਡੀਆਂ ਸੇਵਾਵਾਂ ਜਾਣੂ ਹੋਣ, ਦੀ ਮੌਤ ਹੋ ਗਈ ਹੋਵੇ, ਉਨ੍ਹਾਂ ਲਈ ਡਰੌਪ ਇੰਨ ਮੌਰਨਿੰਗ ਵੀ ਉਪਲਬੱਧ ਹੈ। ਇਹ ਹਰ ਮਹੀਨੇ ਦੇ ਇੱਕ ਸੋਮਵਾਰ ਨੂੰ (ਸਵੇਰੇ10 – ਦੁਪਹਿਰ1ਵਜੇ ਤੱਕ), ਰੱਖੀ ਜਾਂਦੀ ਹੈ ਅਤੇ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ। ਤਾਰੀਖ਼ਾਂ ਦੀ ਤਸੱਲੀ ਕਰਨ ਲਈ ਸਾਡੇ ਵੈਬਸਾਈਟ ਤੇ ਆਓ ਜਾਂ ਸਾਡੇ ਨਾਲ 01484 557900 ਤੇ ਸੰਪਰਕ ਕਰੋ।

ਜੇ ਤੁਹਾਨੂੰ ਕਿਰਕਵੁੱਡ ਹੌਸਪਿਸ ਜਾਂ ਸਾਡੀਆਂ ਸੇਵਾਵਾਂ ਤੁਹਾਡੀ ਕਿਸ ਤਰ੍ਹਾਂ ਮਦਦ ਕਰ ਸਕਦੀਆਂ ਹਨ ਬਾਰੇ ਵਧੇਰੇ ਜਾਣਕਾਰੀ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ:

Kirkwood Hospice
21 Albany Road
Dalton
Huddersfield
HD5 9UY

ਟੈਲੀਫ਼ੋਨ: 01484 557900

ਈਮੇਲ: info@kirkwoodhospice.co.uk
www.kirkwoodhospice.co.uk